ਪਾਠ -7

# ਸਫਲਤਾਵਾਂ ਅਤੇ ਅਸਫਲਤਾਵਾਂ

ਮਨੁੱਖ ਦਾ ਸਾਰਾ ਜੀਵਨ ਇੱਕ ਸੰਘਰਸ਼ ਹੈ, ਇੱਕ ਘੋਲ਼ ਹੈ। ਇਸ ਸੰਘਰਸ਼ ਵਿੱਚ ਜਿੱਤਾਂ ਵੀ ਪ੍ਰਾਪਤ ਹੁੰਦੀਆਂ ਹਨ ਤੇ ਇਸ ਘੋਲ਼ ਵਿੱਚ ਬੰਦਾ ਹਾਰਦਾ ਵੀ ਹੈ। ਦੁਨੀਆ ਵਿੱਚ ਕੋਈ ਅਜਿਹਾ ਆਦਮੀ ਨਹੀਂ ਹੈ ਜੋ ਹਮੇਸ਼ਾਂ ਜਿੱਤਦਾ ਹੀ ਹੋਵੇ। ਇਸੇ ਤਰ੍ਹਾਂ ਕੋਈ ਅਜਿਹਾ ਬਦਕਿਸਮਤ ਵੀ ਨਹੀਂ ਹੈ ਜੋ ਹਮੇਸ਼ਾਂ ਹਾਰਦਾ ਹੀ ਹੋਵੇ। ਜਿੱਤਾਂ ਅਤੇ ਹਾਰਾਂ ਦੋਵੇਂ ਨਾਲ਼-ਨਾਲ਼ ਚੱਲਦੀਆਂ ਰਹਿੰਦੀਆਂ ਹਨ।

ਜਦੋਂ ਅਸੀਂ ਸਫ਼ਲ ਹੋ ਜਾਂਦੇ ਹਾਂ ਤਾਂ ਅਸੀਂ ਖ਼ੁਸ਼ ਹੋ ਜਾਂਦੇ ਹਾਂ। ਜਦੋਂ ਅਸੀਂ ਅਸਫਲ ਹੁੰਦੇ ਹਾਂ ਤਾਂ ਅਸੀਂ ਦੁਖੀ ਹੁੰਦੇ ਹਾਂ। ਇਸ ਸੰਸਾਰ ਦੇ ਦੁੱਖ ਸਾਡੀਆਂ ਹਾਰਾਂ ਵਿੱਚੋਂ ਜੰਮਦੇ ਹਨ ਅਤੇ ਸੁੱਖਾਂ ਦਾ ਕਾਰਨ ਸਾਡੀਆਂ ਜਿੱਤਾਂ ਹੁੰਦੀਆਂ ਹਨ। ਜੇਕਰ ਅਸੀਂ ਖ਼ੁਸ਼ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਜਿੱਤਾਂ ਪ੍ਰਾਪਤ ਕਰਨੀਆਂ ਪੈਣਗੀਆਂ। ਜਿੱਤਾਂ ਪ੍ਰਾਪਤ ਕਰਨ ਲਈ ਸਾਨੂੰ ਮਿਹਨਤ ਕਰਨੀ ਪਵੇਗੀ। ਜੇਕਰ ਅਸੀਂ ਮਿਹਨਤ ਨਹੀਂ ਕਰਾਂਗੇ ਤਾਂ ਅਸੀਂ ਅਸਫਲ ਹੋ ਜਾਵਾਂਗੇ।

ਇਹ ਜ਼ਿੰਦਗੀ ਇੱਕ ਸੰਘਰਸ਼ ਹੈ ਇਸ ਲਈ ਸਾਨੂੰ ਕਦੇ ਅਵੇਸਲ਼ੇ ਨਹੀਂ ਹੋਣਾ ਚਾਹੀਦਾ। ਜਿੱਥੇ ਕਿਧਰੇ ਵੀ ਅਸੀਂ ਅਵੇਸਲ਼ੇ ਹੋ ਜਾਂਦੇ ਹਾਂ, ਵਧੀਆ ਮੌਕੇ ਸਾਡੇ ਹੱਥੋਂ ਨਿਕਲ਼ ਜਾਂਦੇ ਹਨ। ਕਹਿੰਦੇ ਹਨ ਕਿ ਵਧੀਆ ਮੌਕੇ ਹਰੇਕ ਨੂੰ ਨਸੀਬ ਹੁੰਦੇ ਹਨ। ਇਹ ਮੌਕੇ ਸਾਡੇ ਅੱਗੇ-ਪਿੱਛੇ ਪਏ ਫਿਰਦੇ ਹਨ। ਸਾਡੇ ਕੋਲ਼ੋਂ ਇਹਨਾਂ ਵਧੀਆ ਮੌਕਿਆਂ ਦੀ ਸ਼ਨਾਖ਼ਤ ਨਹੀਂ ਹੁੰਦੀ, ਅਸੀਂ ਉਹਨਾਂ ਨੂੰ ਪਕੜ ਨਹੀਂ ਸਕਦੇ। ਜਿਹੜੇ ਲੋਕੀਂ ਵਧੀਆ ਮੌਕਿਆਂ ਦੀ ਸ਼ਨਾਖ਼ਤ ਵੀ ਕਰ ਲੈਂਦੇ ਹਨ ਅਤੇ ਉਹਨਾਂ ਉੱਤੇ ਆਪਣੀ ਪਕੜ ਵੀ ਮਜ਼ਬੂਤ ਕਰ ਲੈਂਦੇ ਹਨ, ਉਹਨਾਂ ਲੋਕਾਂ ਦੇ ਨਾਂ ਕਾਮਯਾਬ ਇਨਸਾਨਾਂ ਦੀ ਸੂਚੀ ਵਿੱਚ ਦਰਜ ਹੋ ਜਾਂਦੇ ਹਨ। ਬਾਕੀ ਅਸੀਂ ਸਾਰੇ ਅਸਫਲ ਲੋਕ ਹਾਂ। ਅਸੀਂ ਮੌਕਿਆਂ ਦੀ ਸ਼ਨਾਖ਼ਤ ਕਰਨ ਦੀ ਕਦੀ ਕੋਸ਼ਸ਼ ਹੀ ਨਹੀਂ ਕਰਦੇ। ਅਸੀਂ ਅਵੇਸਲ਼ੇ ਹੀ ਰਹਿੰਦੇ ਹਾਂ। ਵਧੀਆ ਮੌਕੇ ਆਉਂਦੇ ਹਨ, ਆ ਕੇ ਚਲੇ ਜਾਂਦੇ ਹਨ ਪਰ ਸਾਡੇ ਪੱਲੇ ਕੁਝ ਨਹੀਂ ਪੈਂਦਾ।

ਅਸਫ਼ਲਤਾਵਾਂ ਮਨੁੱਖ ਨੂੰ ਨਿਰਾਸ ਕਰਦੀਆਂ ਹਨ। ਇਹ ਨਿਰਾਸ਼ਾ ਮਨੁੱਖੀ ਸ਼ਕਤੀ ਨੂੰ ਘਟਾ ਕੇ ਰੱਖ ਦਿੰਦੀ ਹੈ। ਬੰਦੇ ਦਾ ਵਿਅਕਤਿਤਵ ਹੀ ਖ਼ਰਾਬ ਹੋ ਕੇ ਰਹਿ ਜਾਂਦਾ ਹੈ। ਨਿਰਾਸ਼ਾ ਇੱਕ ਹੋਰ ਨਿਰਾਸ਼ਾ ਨੂੰ ਜਨਮ ਦਿੰਦੀ ਹੈ। ਇਸੇ ਕਰਕੇ ਸਿਆਣੇ ਕਹਿੰਦੇ ਹਨ ਕਿ ਨਿਰਾਸ਼ਾ ਪੈਦਾ ਕਰਨ ਵਾਲ਼ੇ ਮੌਕਿਆਂ ਤੋਂ ਬਚਣਾ ਚਾਹੀਦਾ ਹੈ। ਅਸੀਂ ਉਹ ਮੌਕੇ ਪੈਦਾ ਕਰ ਲਈਏ ਜਿੱਥੇ ਜਿੱਤਾਂ ਹਨ, ਖ਼ੁਸ਼ੀਆਂ ਹਨ। ਨਿੱਕੀ ਜਿਹੀ ਜਿੱਤ ਵੀ ਖ਼ੁਸ਼ੀ ਪ੍ਰਦਾਨ ਕਰਦੀ ਹੈ। ਜੇਕਰ ਅਸੀਂ ਵੱਡੇ ਮੌਕਿਆਂ ਦੀ ਪਕੜ ਨਹੀਂ ਕਰ ਸਕਦੇ, ਤਾਂ ਕੀ ਹੋਇਆ? ਅਸੀਂ ਨਿੱਕੇ-ਨਿੱਕੇ ਮੌਕਿਆਂ ਦਾ ਲਾਭ ਤਾਂ ਉਠਾ ਹੀ ਸਕਦੇ ਹਾਂ ਤੇ ਨਿੱਕੀ ਜਿਹੀ ਜਿੱਤ ਵੀ ਵੱਡੀ ਜਿੱਤ ਜਿੰਨੀ ਖ਼ੁਸ਼ੀ ਦਿੰਦੀ ਹੈ। ਨਿਰਾਸ਼ਾ ਤੋਂ ਬਚਣ ਲਈ ਨਿੱਕੀਆਂ-ਨਿੱਕੀਆਂ ਜਿੱਤਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ। ਅੱਜ ਅਸੀਂ ਨਿੱਕੀਆਂ ਜਿੱਤਾਂ ਪ੍ਰਾਪਤ ਕਰਦੇ ਹਾਂ, ਕੱਲ੍ਹ ਅਸੀਂ ਵੱਡੀਆਂ ਜਿੱਤਾਂ ਵੀ ਪ੍ਰਾਪਤ ਕਰ ਸਕਦੇ ਹਾਂ। ਆਖ਼ਰ ਜਿੱਤਾਂ ਦਾ ਸਿਲਸਿਲਾ ਕਿਸੇ ਨਾ ਕਿਸੇ ਸਿਰਿਓਂ ਤਾਂ ਸ਼ੁਰੂ ਕਰਨਾ ਹੀ ਹੁੰਦਾ ਹੈ।

ਜਦੋਂ ਕੋਈ ਪੱਕੀ ਧਾਰ  ਲੈਂਦਾ ਹੈ ਕਿ ਉਸ ਨੇ ਜਿੱਤ ਪ੍ਰਾਪਤ ਕਰਨੀ ਹੀ ਹੈ ਤਾਂ ਕੋਈ ਨਾ ਕੋਈ ਹੀਲਾ-ਵਸੀਲਾ ਵੀ ਲੱਭ ਪੈਂਦਾ ਹੈ। ਟੀਚਾ ਮਿਥ ਲਈਏ ਤਾਂ ਤਰੀਕਾ ਵੀ ਲੱਭ ਪੈਂਦਾ ਹੈ। ਜਿੱਤ ਪ੍ਰਾਪਤ ਕਰਨ ਦੀ ਖ਼ਾਹਸ਼ ਕਰਨ ਨਾਲ਼ ਹੀ ਕਿੰਨੀਆਂ ਤਰਕੀਬਾਂ ਸੁੱਝ ਪੈਂਦੀਆਂ ਹਨ। ਜਿੱਤਾਂ ਪ੍ਰਾਪਤ ਕਰਨਾ ਇੱਕ ਆਦਤ ਬਣਾ ਲੈਣੀ ਚਾਹੀਦੀ ਹੈ। ਜੇਕਰ ਕਦੇ ਕਿਸੇ ਹਾਰ ਦਾ ਸਾਮ੍ਹਣਾ ਕਰਨਾ ਪੈ ਹੀ ਜਾਵੇ ਤਾਂ ਸਾਨੂੰ ਹੌਸਲਾ ਨਹੀਂ ਛੱਡਣਾ ਚਾਹੀਦਾ। ਹੰਭਲ਼ਾ ਮਾਰੋ, ਮਿਹਨਤ ਕਰੋ ਤੇ ਤੁਸੀਂ ਜਿੱਤ ਪ੍ਰਾਪਤ ਕਰ ਲਵੋਗੇ। ਕਈ ਵਾਰ ਕਿਸੇ ਹਾਰ ਵਿੱਚੋਂ ਵੀ ਉੱਦਮ ਕਰਨ ਨਾਲ਼ ਜਿੱਤ ਪ੍ਰਾਪਤ ਹੋ ਜਾਂਦੀ ਹੈ ਜਿਸ ਨਾਲ਼ ਤੁਸੀਂ ਆਪ, ਤੁਹਾਡਾ ਪਰਿਵਾਰ ਅਤੇ ਤੁਹਾਡਾ ਆਲ਼ਾ-ਦੁਆਲ਼ਾ ਖ਼ੁਸ਼ਹਾਲ ਹੋ ਜਾਂਦਾ ਹੈ।

ਇਹ ਕਦੀ ਨਾ ਸੋਚੋ ਕਿ ਕੰਮ ਆਪੇ ਹੋ ਜਾਵੇਗਾ। ਕਹਿੰਦੇ ਹਨ, 'ਰੱਬ ਵੀ ਉਹਨਾਂ ਦੀ ਮਦਦ ਕਰਦਾ ਹੈ ਜੋ ਆਪਣੀ ਮਦਦ ਆਪ ਕਰਦੇ ਹਨ।' ਹਰ ਕੰਮ ਕੀਤਿਆਂ ਹੀ ਹੋਣਾ ਹੈ। ਸਿਰਫ਼ ਪ੍ਰਾਰਥਨਾ ਕਰਕੇ ਬੈਠੇ ਰਹਿਣਾ ਠੀਕ ਨਹੀਂ ਹੈ। ਪ੍ਰਾਰਥਨਾ ਤੁਹਾਨੂੰ ਹੌਸਲਾ ਦੇ ਸਕਦੀ ਹੈ ਪਰ ਕੰਮ ਸਿਰੇ ਚਾੜ੍ਹਨ ਲਈ ਉੱਦਮ ਕਰਨਾ ਪੈਂਦਾ ਹੈ ਤੇ ਇਹ ਲਾਜ਼ਮੀ ਵੀ ਹੈ।

ਅਸੀਂ ਦੇਖਦੇ ਹਾਂ ਕਿ ਸਾਡੇ ਵਰਗੇ ਮਨੁੱਖਾਂ ਨੇ ਇਸ ਦੁਨੀਆ ਵਿੱਚ ਕੀ ਕੁਝ ਬਣਾ ਦਿੱਤਾ ਹੈ। ਇਹ ਉਹ ਲੋਕੀਂ ਹੀ ਸਨ ਜਿਨ੍ਹਾਂ ਦੇ ਮਨ ਅੰਦਰ ਕੁਝ ਕਰ ਦਿਖਾਉਣ ਦੀ ਖ਼ਾਹਸ਼ ਸੀ। ਇਸੇ ਖ਼ਾਹਸ਼ ਨੇ ਹੀ ਉਹਨਾਂ ਦੀ ਜਿੱਤ ਸਿਰੇ ਲਾ ਦਿੱਤੀ। ਇਹ ਜਿੰਨੀਆਂ ਵੀ ਵਿਗਿਆਨ ਤੇ ਟੈਕਨਾਲੋਜੀ ਦੇ ਖੇਤਰ ਵਿੱਚ ਜਿੰਨੀਆਂ ਵੀ ਕਾਢਾਂ ਕੱਢੀਆਂ ਗਈਆਂ ਹਨ ਜਾਂ ਆਵਿਸ਼ਕਾਰ ਕੀਤੇ ਗਏ ਹਨ, ਇਹ ਅਣਥੱਕ ਲੋਕਾਂ ਦੀ ਮਿਹਰਬਾਨੀ ਸਦਕਾ ਹੀ ਹੋਂਦ ਵਿੱਚ ਆਏ ਹਨ।

ਸਾਡੀ ਸਫਲਤਾ ਸਾਫ਼-ਸੁਥਰੀ ਹੋਣੀ ਚਾਹੀਦੀ ਹੈ। ਕਿਸੇ ਨੂੰ ਧੋਖਾ ਦੇ ਕੇ, ਉਸ ਦਾ ਹੱਕ ਮਾਰ ਕੇ ਜਦੋਂ ਅਸੀਂ ਕੋਈ ਸਫਲਤਾ ਪ੍ਰਾਪਤ ਕਰਦੇ ਹਾਂ ਤਾਂ ਸਾਡੀਆਂ ਖ਼ੁਸ਼ੀਆਂ ਬਣਾਉਟੀ ਹੋ ਜਾਂਦੀਆਂ ਹਨ। ਇੱਕ ਡਰ ਤੇ ਭੈ ਸਾਡੇ ਜ਼ਿਹਨ ਵਿੱਚ ਵੜ ਬੈਠਦਾ ਹੈ ਜੋ ਸਾਨੂੰ ਪੂਰੀ ਤਰ੍ਹਾਂ ਖ਼ੁਸ਼ ਨਹੀਂ ਹੋਣ ਦਿੰਦਾ। ਅਜਿਹੀ ਖ਼ੁਸ਼ੀ ਪ੍ਰਾਪਤ ਕਰਨ ਵਾਲ਼ਿਆਂ ਦਾ ਹਸ਼ਰ ਵੀ ਮਾੜਾ ਹੀ ਹੁੰਦਾ ਹੈ।

## ਪਾਠ- ਅਭਿਆਸ

**1. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(1) ਮਨੁੱਖ ਦਾ ਜੀਵਨ ਕੀ ਹੈ?

(2) ਖ਼ੁਸ਼ ਰਹਿਣ ਲਈ ਸਾਨੂੰ ਕੀ ਪ੍ਰਾਪਤ ਕਰਨਾ ਪਵੇਗਾ।

(3) ਜਦੋਂ ਅਸੀਂ ਅਵੇਸਲ਼ੇ ਹੋ ਜਾਂਦੇ ਹਾਂ ਤਾਂ ਕੀ ਨੁਕਸਾਨ ਹੁੰਦਾ ਹੈ?

(4) ਅਸਫਲਤਾਵਾਂ ਦਾ ਮਨੁੱਖ 'ਤੇ ਕੀ ਅਸਰ ਪੈਂਦਾ ਹੈ?

(5) ਸਾਡੀ ਸਫਲਤਾ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ?

2. **ਖ਼ਾਲੀ ਥਾਂਵਾਂ ਭਰੋ :**

ਸੰਘਰਸ਼, ਸ਼ਕਤੀ, ਵੱਡੀਆਂ, ਆਪੇ, ਹਸ਼ਰ

(1) ਧੋਖੇ ਨਾਲ਼ ਸਫਲਤਾ ਪ੍ਰਾਪਤ ਕਰਨ ਵਾਲ਼ੇ ਦਾ ________ਵੀ ਮਾੜਾ ਹੀ ਹੁੰਦਾ ਹੈ।

(2) ਮਨੁੱਖ ਦੀ ਸਾਰੀ ਜ਼ਿੰਦਗੀ ਇੱਕ ________ਹੈ।

(3) ਨਿਰਾਸ਼ਾ ਮਨੁੱਖੀ ________ ਨੂੰ ਘਟਾ ਕੇ ਰੱਖ ਦਿੰਦੀ ਹੈ।

(4) ਕੱਲ੍ਹ ਅਸੀਂ ________ਜਿੱਤਾਂ ਵੀ ਪ੍ਰਾਪਤ ਕਰ ਸਕਦੇ ਹਾਂ।

(5) ਇਹ ਕਦੀ ਨਾ ਸੋਚੋ ਕਿ ਕੰਮ________ਹੀ ਹੋ ਜਾਵੇਗਾ।

3. **ਵਾਕਾਂ ਵਿੱਚ ਵਰਤੋ :**

ਨਸੀਬ, ਸ਼ਨਾਖ਼ਤ, ਸਿਲਸਿਲਾ, ਤਰਕੀਬ, ਖ਼ੁਸ਼ਹਾਲ, ਅਣਥੱਕ, ਭੈ, ਜ਼ਿਹਨ

4. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(1) ਜਿੱਤਾਂ ਤੇ ਹਾਰਾਂ ਦਾ ਮਨ ਉੱਤੇ ਕਿਸ ਤਰ੍ਹਾਂ ਦਾ ਪ੍ਰਭਾਵ ਪੈਂਦਾ ਹੈ?

(2) ਜ਼ਿੰਦਗੀ ਵਿੱਚ ਨਿਰਾਸ਼ਾ ਤੋਂ ਬਚਣ ਲਈ ਕੀ ਕੁਝ ਕਰਨਾ ਚਾਹੀਦਾ ਹੈ?

(3) ਕਿਸੇ ਨੂੰ ਧੋਖਾ ਦੇ ਕੇ ਪ੍ਰਾਪਤ ਕੀਤੀ ਸਫਲਤਾ 'ਤੇ ਤੁਸੀਂ ਖ਼ੁਸ਼ੀ ਕਿਉਂ ਨਹੀਂ ਪ੍ਰਾਪਤ ਕਰ ਸਕਦੇ?

(4) ਸਾਡੀ ਸਫਲਤਾ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ?

(5) ਇਸ ਪਾਠ ਵਿੱਚੋਂ ਤੁਹਾਨੂੰ ਕੀ ਸੰਦੇਸ ਮਿਲ਼ਦਾ ਹੈ?

5. **ਵਿਰੋਧੀ ਸ਼ਬਦ ਲਿਖੋ :**

ਨਿਰਾਸ਼ਾ

ਸਫਲਤਾ

ਹਾਰ

ਸਾਫ਼

ਕਾਮਯਾਬ

6. **ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ।**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਜੀਵਨ | ज़िन्दगी | Life |
| ਜਿੱਤ | ________ | ________ |
| ਲੋਕ | ________ | ________ |
| ਆਦਤ | ________ | ________ |
| ਸਫਲਤਾ | ________ | ________ |
| ਖ਼ੁਸ਼ | ________ | ________ |

7. **ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :**

ਜਿਤ

ਅਵੇਸਲੇ

ਸਿਆਾਨੇ

ਅਸਫਲਤਾਵਾਂ

ਸਿਲਸੀਲਾ

* * *